PSEB-SSC0S167(T002)/38/2024-CONDUCT 03-SR. SEC./COND.-PSEB I/162097/2026

**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**( ਕਾਰਜ ਸੰਚਾਲਨ ਸ਼ਾਖਾ )**

ਨੰ:ਪਸਸਬ-ਸਸ(ਕਸ)-2026/249
ਮਿਤੀ: 29-09-2026

ਵੱਲ

ਸਮੂਹ ਸਕੂਲ ਮੁਖੀ,
ਪੰਜਾਬ ਰਾਜ ।

**ਵਿਸ਼ਾ:- ਅੱਠਵੀਂ,ਦਸਵੀਂ ਅਤੇ ਬਾਰਵੀਂ ਸ਼੍ਰੇਣੀ ਪ੍ਰੀਖਿਆਵਾਂ ਫਰਵਰੀ/ਮਾਰਚ-2026-27 ਲਈ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਲਈ ਇੰਨਫ੍ਰਾਸਟ੍ਰੱਕਚਰ ਰਿਪੋਰਟ Login Id ਤੇ ਅਪਲੋਡ ਕਰਨ ਸਬੰਧੀ।**

ਬੋਰਡ ਦਫਤਰ ਵੱਲੋਂ **ਫਰਵਰੀ/ਮਾਰਚ 2026-27** ਦੀਆਂ ਸਲਾਨਾ ਪਰੀਖਿਆਵਾਂ ਲਈ ਸਕੂਲ Login Id ਤੇ ਸਕੂਲ ਦੀ ਇੰਨਫ੍ਰਾਸਟ੍ਰੱਕਚਰ ਪ੍ਰੋਫ਼ਾਰਮਾ ਅੱਪਲੋਡ ਕੀਤਾ ਗਿਆ ਹੈ ਜੋ ਕਿ ਸਮੂਹ ਸਕੂਲ ਮੁਖੀਆਂ ਵੱਲੋਂ **ਮਿਤੀ 30-09-2026 ਤੋਂ 10-10-2026** ਤੱਕ ਭਰਿਆ ਜਾਣਾ ਲਾਜ਼ਮੀ ਹੈ। ਇੰਨਫ੍ਰਾਸਟ੍ਰੱਕਚਰ ਪ੍ਰੋਫ਼ਾਰਮਾ ਭਰਨ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਸਕੂਲ ਲਾਗਇਨ ਕਰੋ ਅਤੇ School Infrastructure Proforma ਖੋਲ੍ਹੋ।
2. ਸਕੂਲ ਪ੍ਰੋਫ਼ਾਈਲ ਵਿੱਚ ਸਕੂਲ ਕੋਡ, ਸਕੂਲ ਦਾ ਨਾਮ, ਜ਼ਿਲ੍ਹਾ, ਪਤਾ ਆਦਿ ਵੇਰਵੇ ਚੈੱਕ ਕਰੋ।
3. ਕਲਾਸ/ਸਟ੍ਰੀਮ ਵੇਰਵੇ ਧਿਆਨ ਨਾਲ ਚੈੱਕ ਕਰੋ ਅਤੇ ਸਕੂਲ ਵਿੱਚ ਚੱਲ ਰਹੀਆਂ ਕਲਾਸਾਂ/ਸਟ੍ਰੀਮਾਂ ਅਨੁਸਾਰ ਜਾਣਕਾਰੀ ਦੀ ਪੁਸ਼ਟੀ ਕਰੋ।
4. ਪ੍ਰਿੰਸੀਪਲ ਅਤੇ ਸੰਪਰਕ ਵੇਰਵੇ ਜਿਵੇਂ ਮੋਬਾਈਲ ਨੰਬਰ, ਈ-ਮੇਲ ਅਤੇ ਹੋਰ ਸੰਪਰਕ ਜਾਣਕਾਰੀ ਦੀ ਜਾਂਚ ਕਰੋ।
5. ਕਲਾਸ-ਵਾਈਜ਼ ਵਿਦਿਆਰਥੀ ਗਿਣਤੀ ਸਹੀ ਅਤੇ ਮੌਜੂਦਾ ਰਿਕਾਰਡ ਅਨੁਸਾਰ ਭਰੋ।
6. **ਬੋਰਡ ਪ੍ਰੀਖਿਆ ਲਈ ਉਪਲਬਧ ਬੁਨਿਆਦੀ ਢਾਂਚੇ ਵਿੱਚ ਫਲੋਰ-ਵਾਈਜ਼ ਕਮਰੇ, ਬੈਠਣ ਦੀ ਸਮਰੱਥਾ, ਸਿੰਗਲ/ਡਬਲ ਬੈਂਚ ਅਤੇ CCTV ਦੀ ਜਾਣਕਾਰੀ ਭਰੋ।**
7. ਸਕੂਲ ਦੇ ਸਮੁੱਚੇ ਇਨਫਰਾਸਟਰਕਚਰ ਵਿੱਚ ਫਲੋਰ, ਕਲਾਸ ਰੂਮ, ਕਮਰੇ, ਬੈਠਣ ਦੀ ਸਮਰੱਥਾ, ਸਕੂਲ ਦਾ ਖੇਤਰ ਅਤੇ ਹੋਰ ਸਹੂਲਤਾਂ ਦੀ ਜਾਣਕਾਰੀ ਦਿਓ।
8. ਲੈਬ ਅਤੇ ਹੋਰ ਸਹੂਲਤਾਂ ਜਿਵੇਂ Physics, Chemistry, Biology Lab, ਪੀਣ ਵਾਲਾ ਪਾਣੀ, RO, ਵਾਟਰ ਕੂਲਰ ਅਤੇ ਲੜਕੇ/ਲੜਕੀਆਂ ਲਈ ਟਾਇਲਟ ਆਦਿ ਦੀ ਜਾਣਕਾਰੀ ਭਰੋ।
9. ਕੰਪਿਊਟਰ, ਇੰਟਰਨੈੱਟ ਅਤੇ ਪਾਵਰ ਬੈਕਅੱਪ ਨਾਲ ਸਬੰਧਤ ਕੰਪਿਊਟਰ, ਲੈਪਟਾਪ, ਇੰਟਰਨੈੱਟ, ਪ੍ਰਿੰਟਰ, ਫੋਟੋਕਾਪੀ ਮਸ਼ੀਨ, UPS/ਇਨਵਰਟਰ/ਜਨਰੇਟਰ ਆਦਿ ਦੀ ਜਾਣਕਾਰੀ ਦਿਓ।
10. CCTV ਵੇਰਵਿਆਂ ਵਿੱਚ ਪ੍ਰੀਖਿਆ ਕੇਂਦਰ ਅਤੇ ਗੈਰ-ਪ੍ਰੀਖਿਆ ਖੇਤਰਾਂ ਵਿੱਚ ਲੱਗੇ CCTV ਦੀ ਸਹੀ ਜਾਣਕਾਰੀ ਭਰੋ।
11. ਨੇੜਲੀਆਂ 3 ਬੈਂਕ ਸ਼ਾਖਾਵਾਂ ਦਾ ਨਾਮ, IFSC ਕੋਡ ਅਤੇ ਪਤਾ ਦਰਜ ਕਰੋ।
12. ਸੋਸਾਇਟੀ/ਟਰੱਸਟ/ਸਕੂਲ ਮੈਨੇਜਮੈਂਟ ਅਤੇ ਲਾਗੂ ਹੋਣ ਦੀ ਸੂਰਤ ਵਿੱਚ ਮੈਂਬਰਾਂ/ਅਹੁਦੇਦਾਰਾਂ ਦੇ ਵੇਰਵੇ ਭਰੋ।
13. ਵਾਧੂ ਜਾਣਕਾਰੀ ਵਾਲੇ ਕਾਲਮ ਵਿੱਚ ਲੋੜ ਅਨੁਸਾਰ ਸੰਬੰਧਿਤ ਜਾਣਕਾਰੀ ਦਰਜ ਕਰੋ।
14. Answer Sheet Collection Centre ਲਈ ਉਪਲਬਧ 3 ਸਕੂਲਾਂ ਦੇ ਨਾਮ ਅਤੇ ਸਕੂਲ ਤੋਂ ਦੂਰੀ ਦਰਜ ਕਰੋ।
15. Final Submit ਤੋਂ ਪਹਿਲਾਂ ਸਾਰੀ ਜਾਣਕਾਰੀ ਨੂੰ ਦੁਬਾਰਾ ਧਿਆਨ ਨਾਲ ਚੈੱਕ ਕਰੋ।
16. Final Submit ਕਰਨ ਉਪਰੰਤ ਅੰਤਿਮ ਪ੍ਰੋਫ਼ਾਰਮਾ ਡਾਊਨਲੋਡ/ਪ੍ਰਿੰਟ ਕਰਕੇ ਸਕੂਲ ਰਿਕਾਰਡ ਵਿੱਚ ਰੱਖੋ ਅਤੇ ਲੋੜ ਅਨੁਸਾਰ ਪ੍ਰਿੰਸੀਪਲ ਦੀ ਮੋਹਰ ਅਤੇ ਦਸਤਖ਼ਤ ਕਰੋ।
17. ਵਧੇਰੇ ਜਾਣਕਾਰੀ ਲਈ ਸਬੰਧਤ ਜਿਲ੍ਹੇ ਨੂੰ ਡੀਲ ਕਰਦੇ ਸੀਨੀਅਰ ਸਹਾਇਕ ਨਾਲ ਸੰਪਰਕ ਕੀਤਾ ਜਾਵੇ (ਸੂਚੀ ਨਾਲ ਨੱਥੀ)।
18. ਸਮੂਹ ਸਕੂਲਾਂ ਵੱਲੋਂ ਪ੍ਰਫਾਰਮਾਂ ਭਰਨਾ ਲਾਜ਼ਮੀ ਹੈ ਪ੍ਰੰਤੂ ਜੇਕਰ ਸਕੂਲਾਂ ਵੱਲੋਂ ਪ੍ਰਫਾਰਮੇ ਵਿਚ ਦਰਜ਼ ਜਾਣਕਾਰੀ ਸਹੀ ਨਹੀਂ ਭਰੀ ਜਾਂਦੀ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲੋੜ ਅਨੁਸਾਰ ਪ੍ਰੀਖਿਆ ਕੇਂਦਰਾਂ ਸਥਾਪਿਤ ਕੀਤੇ ਜਾ ਸਕਦੇ ਹਨ ।
19. School Infrastructure Proforma ਭਰਦੇ ਸਮੇਂ ਜੇਕਰ ਸਕੂਲ ਮੁਖੀ ਇਹ ਮਹਿਸੂਸ ਕਰਦੇ ਹਨ ਕਿ ਉਹਨਾਂ ਦੇ ਸਕੂਲ ਦੀ ਲੋਕੇਸ਼ਨ ਪੋਰਟਲ ਤੇ ਸਹੀ ਨਹੀਂ ਦਰਸਾਈ ਗਈ ਤਾਂ ਆਪਣੇ ਸਕੂਲ ਦੀ ਲੋਕੇਸ਼ਨ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਨਾਉਣ ।

**ਵਿਸ਼ੇਸ਼ ਹਦਾਇਤ:**ਉਪਰੋਕਤ ਜਾਣਕਾਰੀ **ਮਿਤੀ 30.09.2026 ਤੋਂ 10.10.2026** ਤੱਕ ਪ੍ਰੋਫ਼ਾਰਮਾ ਹਰ ਹਾਲਤ ਵਿੱਚ ਭਰਨਾ ਯਕੀਨੀ ਬਣਾਇਆ ਜਾਵੇ।ਸਕੂਲ ਵੱਲੋਂ ਦਰਜ ਕੀਤੀ ਜਾਣਕਾਰੀ ਅਸਲ ਰਿਕਾਰਡ ਅਤੇ ਸਕੂਲ ਵਿੱਚ ਮੌਜੂਦ ਭੌਤਿਕ ਸਹੂਲਤਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ। Final Submit ਤੋਂ ਪਹਿਲਾਂ ਹਰ ਵੇਰਵੇ ਦੀ ਪੂਰੀ ਤਰ੍ਹਾਂ ਜਾਂਚ ਕਰਨਾ ਯਕੀਨੀ ਬਣਾਇਆ ਜਾਵੇ।

ਸਹੀ/-
ਸਹਾਇਕ ਸਕੱਤਰ

ਪਿੱਠ ਅੰਕਣ ਨੰ: ਪਸਸਬ-ਸਸ(ਕਸ)-2026/250     ਮਿਤੀ: 29-09-2026

ਉਤਾਰਾ:- 1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ)
2. ਸਮੂਹ ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ

29/9/26
ਸਹਾਇਕ ਸਕੱਤਰ

CS CamScanner